# LINC ਕੀ ਹੈ ?

LINC ਇੱਕ ਅਗ੍ਰੇਜ਼ੀ ਭਾਸ਼ਾ ਸਿਖਲਾਈ ਪ੍ਰੋਗਰਾਮ ਹੈ ਜਿਸਨੂੰ ਕੈਨੇਡਾ ਦੀ ਸਰਕਾਰ ਵਲੋਂ ਸਿਟੀਜ਼ਨ ਤੇ ਇੰਮੀਗ੍ਰੇਸ਼ਨ ਦੇ ਵਿਭਾਗ ਰਾਹੀਂ ਮਾਇਕ ਸਹਾਇਤਾ ਦਿੱਤੀ ਜਾਂਦੀ ਹੈ।

LINC ਦੀਆਂ ਕਲਾਸਾਂ ਪੀਲ ਤੇ ਹਾਲਟਨ (Peel and Halton) ਰੀਜਨ ਵਿੱਚ ਕਮਿਊਨਟੀ ਅਧਾਰਤ ਏਜੰਸੀਆਂ, ਵਿਦਿਆ ਤੇ ਕਾਲਜਾਂ ਦੇ ਬੋਰਡਾਂ , ਜਿਨ੍ਹਾਂ ਦੀ ਪੀਲ ਤੇ ਹਾਲਟਨ LINC ਨਾਲ ਭਾਈਵਾਲੀ ਹੈ ਵਲੋਂ, ਲਗਾਈਆਂ ਜਾਦੀਂਆਂ ਹਨ।

### *ਸਾਡਾ ਮੰਤਵ :*

ਉਨ੍ਹਾਂ ਬਾਲਗ਼ ਅਵਾਸੀਆਂ ਲਈ ਭਾਸ਼ਾ ਸਿਖਲਾਈ ਹੈ ਜਿਹੜੇ ਅਗ੍ਰੇਜ਼ੀ ਭਾਸ਼ਾ ਸਿੱਖਣੀ ਚਾਹੁੰਦੇ ਹਨ **ਜਾਂ** ਅਗ੍ਰੇਜ਼ੀ ਭਾਸ਼ਾ ਵਿੱਚ ਮੁਹਾਰਤ ਹਾਸਲ ਕਰਨਾ ਚਾਹੁੰਦੇ ਹਨ।

### *ਯੋਗ ਉਮੀਦਵਾਰ :*

- ਬਾਲਗ਼, 18 ਸਾਲ ਜਾਂ ਉਸ ਤੋਂ ਵੱਧ ਉਮਰ ਦੇ
- ਲੈਂਡਿਡ ਇੰਮੀਗ੍ਰੈਂਟ **ਜਾਂ** ਕਨਵੈਨਸ਼ਨ ਰਿਫਿਊਜੀ
- ਪੀਲ ਜਾਂ ਹਾਲਟਨ ਰੀਜਨ ਵਿੱਚ ਰਹਿਣ ,ਕੰਮ ਕਰਨ ਜਾਂ ਉਥੇ ਜਾ ਕੇ ਰਹਿਣ ਵਾਲੇ ਬਾਲਗ਼
- ਉਮੀਦਵਾਰ ਮੁਲਾਂਕਣ ਲਈ ਨਿਰਧਾਰਿਤ ਸਮੇਂ ਤੇ ਆਪਣੇ ਅਸਲੀ ਇੰਮੀਗ੍ਰੇਸ਼ਨ ਦਸਤਾਵੇਜ਼ **ਜ਼ਰੂਰ** ਲੈ ਕੇ ਆਉਣ

### *ਸੇਵਾਵਾਂ :*

ਮੁਲਾਂਕਣ ਲਈ ਇੰਟਰਵਿਊ ਉਮੀਦਵਾਰ ਦੀ ਯੋਗਤਾ ਦੀ ਤਸਦੀਕ ਕਰਦੀ ਹੈ, ਬਾਲਗ਼ ਅਵਾਸੀਆਂ ਦੀ ਮੌਜੂਦਾ ਅਗ੍ਰੇਜ਼ੀ ਭਾਸ਼ਾ ਵਿੱਚ ਨਿੰਪੁਨਤਾ ਨਿਰਧਾਰਿਤ ਕਰਦੀ ਹੈ ਅਤੇ ਫਿਰ ਉਨ੍ਹਾਂ ਦੀਆਂ ਲੋੜਾਂ ਅਨੁਸਾਰ ਉਪਲੱਬਧ ਉਚਿਤ ਭਾਸ਼ਾ ਸਿਖਲਾਈ ਨਾਲ ਟਾਕਰਾ ਕਰਦੀ ਹੈ।

### ਮੁਲਾਂਕਣ ਕੇਂਦਰਾਂ ਦੇ ਘੰਟੇ

- ਸੋਮਵਾਰ ਤੋਂ ਸ਼ੁੱਕਰਵਾਰ
- 8:30 ਵਜੇ ਸਵੇਰ ਤੋਂ 4:30 ਵੱਜੇ ਸ਼ਾਮ
  *ਸ਼ਾਮ ਤੇ ਸ਼ਨਿੱਚਰਵਾਰ ਵੀ ਮੁਲਾਂਕਣ ਕੀਤਾ ਜਾਦਾਂ ਹੈ... ਜਾਣਕਾਰੀ ਲਈ ਫੋਨ ਕਰੋ*

### LINC ਕਲਾਸਾਂ

- ਪੂਰੇ ਸਮੇਂ **ਜਾਂ** ਅੰਸ਼ਿਕ **ਸਮੇਂ** ਲਈ ਹਨ
- ਸਵੇਰ,ਦੁਪਿਹਰ, ਸ਼ਾਮ **ਜਾਂ** ਹਫ਼ਤੇ ਦੇ ਅੰਤ ਤੇ ਲੱਗਦੀਆਂ ਹਨ
- ਬੋਲਣ,ਪੜ੍ਹਣ,ਲਿੱਖਣ ਤੇ ਸੁਣਨ ਦੀ ਯੋਗਤਾ ਵਧਾਉਣ ਤੇ ਕੇਂਦਰਤ ਹੁੰਦੀਆਂ ਹਨ
  *ਇਸ ਵਿੱਚ ਕੰਪਿਊਟਰ ਦੀ ਸਹਾਇਤਾ ਰਾਹੀਂ ਭਾਸ਼ਾ ਸਿਖਲਾਈ ਵੀ ਸ਼ਾਮਲ ਹੈ*
- ਇਹ **ਸਾਖਰਤਾ ਤੋਂ 7 ਲੈਵਲ ਤੱਕ ਉਪਲੱਬਧ ਹੈ**
- ਹੇਠ ਲਿਖਿਆਂ ਥਾਵਾਂ ਤੇ ਉਪਲੱਬਧ ਹੁੰਦੀਆਂ ਹਨ
  - Brampton (ਬਰੈਂਪਟਨ)
  - Burlington (ਬਰਲਿੰਗਟਨ)
  - Caledon (ਕੈਲੇਡੋਨ)
  - Halton Hills (ਹਾਲਟਨ ਹਿੱਲਜ਼)
  - Malton (ਮਾਲਟਨ)
  - Milton (ਮਿਲਟਨ)
  - Mississauaga (ਮਿਸੀਸਾਗਾ)
  - Oakville (ਓਕਵਿੱਲ)

*ਇਨ੍ਹਾਂ ਵਿੱਚ ਕੁਝ ਇੱਕ ਥਾਵਾਂ ਵਿਖੇ ਪਬਲਿਕ ਟਰਾਂਸਪੋਰਟ ਲਈ ਤੇ /ਜਾਂ ਬਚਿਆਂ ਦੀ ਦੇਖਰੇਖ ਲਈ ਸਹਾਇਤਾ ਮੁਹੱਈਆ ਕਰਾਈ ਜਾ ਸਕਦੀ ਹੈ।*

ਜਿਹੜੇ ਵਿਅਕਤੀ ਬਕਾਇਦਾ LINC ਦੀਆਂ ਕਲਾਸਾਂ ਵਿੱਚ ਹਾਜ਼ਰ ਨਹੀਂ ਹੋ ਕਰ ਸਕਦੇ  ਲਈ  ਘਰ ਬੈਠ ਕੇ (Home Study) ਪੜ੍ਹਾਈ ਕਰਨ ਦਾ ਪ੍ਰੋਗਰਾਮ  ਉਪਲੱਬਧ ਹੈ। ਅਗ੍ਰੇਜ਼ੀ ਭਾਸ਼ਾ ਦੀਆਂ ਕਲਾਸਾਂ ਘੱਟ ਸੁਣਨ ਜਾਂ ਬੋਲ਼ੇ ਲੋਕਾਂ ਲਈ ਵੀ ਉਪਲੱਬਧ ਹਨ।